# INDEX



| ਆਈਟਮ ਨੰ: | ਵਿਸ਼ਾ | ਪੰਨਾ ਨੰ: |
|---|---|---|
| 19.01 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-02-2012 ਨੂੰ ਹੋਈ, ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ। | 2-8 |
| 19.02 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 21-02-2012 ਨੂੰ ਹੋਈ 18ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ । | 9-16 |
| 19.03 | ਆਈ.ਟੀ.ਸਿਟੀ, ਐਸ.ਏ.ਐਸ ਨਗਰ ਵਿਖੇ ਗੁਰੂਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਕਰਨ ਬਾਰੇ। | 17-20 |

ਗਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

(ਤਾਲਮੇਲ ਸਾਖਾ)

ਅਜੰਡਾ ਆਈਟਮ ਨੰ. 19.01

(ਕਾਰਜਕਾਰੀ ਦੀ ਮੀਟਿੰਗ)

ਵਿਸ਼:- ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-02-2012 ਨੂੰ ਹੋਈ, ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ।

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-02-2012 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਸਬੰਧੀ ਕਾਰਵਾਈ ਪੱਤਰ ਨੰ. ਗਮਾਡਾ - ਤਾਲਮੇਲ ਅ-2- 2012/ 1596-1601 ਮਿਤੀ 01-03-2012 ਅਨੁਲੱਗ (ੳ) ਰਾਹੀਂ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਸੂਚਨਾ ਹਿੱਤ ਜਾਰੀ ਕਰ ਦਿੱਤੀ ਸੀ।

ਇਸ ਸਬੰਧ ਹੁਣ ਤੱਕ ਕਮੇਟੀ ਦੇ ਕਿਸੇ ਵੀ ਮੈਂਬਰ ਸਾਹਿਬਾਨ ਜੀ ਵਲੋਂ ਇਤਰਾਜ/ ਸੋਧ ਕਰਨ ਸਬੰਧੀ ਕੋਈ ਤਜਵੀਜ/ ਸੁਝਾਓ ਦਰਜ ਨਹੀਂ ਕੀਤਾ ਹੈ। ਉਕਤ ਅਨੁਸਾਰ ਮੀਟਿੰਗ ਦੀ ਕਾਰਵਾਈ ਪੁਸ਼ਟੀ ਹਿੱਤ ਜੀ।

-1-

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 1596—1601 ਮਿਤੀ: 01-03-2012

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ ।

3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।

5) ਮੁੱਖ ਨਗਰ ਯੋਜਨਾਕਾਰ, ਪੰਜਾਬ
ਐਸ.ਏ.ਐਸ.ਨਗਰ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - **ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਬਾਰੇ।**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-02-2012 ਨੂੰ ਬਾਅਦ ਦੁਪਹਿਰ 3.00 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸਾਸਕ (ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2012/ 1602 ਮਿਤੀ: 01-03-2012

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸਾਸਕ (ਮੁ:ਦ:) ।

-3-

ਵਿਸ਼ਾ:- ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 21-2-2012 ਨੂੰ 3.00 ਵਜੇ ਹੋਈ ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਦੀ ਕਾਰਵਾਈ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਐਸ.ਸੀ. ਅਗਰਵਾਲ, ਆਈ.ਏ.ਐਸ., ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 21-2-2012 ਨੂੰ ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

1) ਸ੍ਰੀ ਐਸ.ਕੇ. ਸੰਧੂ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ,
ਚੰਡੀਗੜ੍ਹ।

2) ਸ੍ਰੀ ਸਰਵਜੀਤ ਸਿੰਘ, ਆਈ.ਏ.ਐਸ.
ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ।

3) ਸ੍ਰੀ ਵੀ.ਪੀ. ਸਿੰਘ, ਆਈ.ਏ.ਐਸ.
ਵਿੱਤ ਸਕੱਤਰ, ਪੰਜਾਬ ਸਰਕਾਰ,
ਚੰਡੀਗੜ੍ਹ।
(ਪ੍ਰਮੁੱਖ ਸਕੱਤਰ, ਵਿੱਤ ਵਿਭਾਗ, ਪੰਜਾਬ ਦੇ ਨੁਮਾਇੰਦੇ)

4) ਸ੍ਰੀ ਏ.ਕੇ. ਸਿਨਹਾ, ਆਈ.ਏ.ਐਸ.
ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ,
ਚੰਡੀਗੜ੍ਹ।
(ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ ਦੇ ਨੁਮਾਇੰਦੇ)

5) ਸ਼੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ,
ਨਗਰ ਅਤੇ ਸ਼ਹਿਰੀ ਯੋਜਨਾਬੰਦੀ ਵਿਭਾਗ,
ਪੰਜਾਬ, ਚੰਡੀਗੜ੍ਹ।

ਵਿਸ਼ੇਸ਼ ਤੌਰ ਤੇ ਸ਼ਾਮਲ ਅਧਿਕਾਰੀ:

1) ਸ਼੍ਰੀ ਪ੍ਰਵੀਨ ਕੁਮਾਰ ਥਿੰਦ, ਆਈ.ਏ.ਐਸ.,
ਵਧੀਕ ਮੁੱਖ ਪ੍ਰਸ਼ਾਸਕ (ਮੁੱ:ਦ:/ਪਾਲਿਸੀ),
ਗਮਾਡਾ, ਐਸ.ਏ.ਐਸ.ਨਗਰ।

2) ਸ਼੍ਰੀ ਰਾਜੇਸ਼ ਸੋਢੀ, ਆਈ.ਆਰ.ਐਸ.,
ਵਧੀਕ ਮੁੱਖ ਪ੍ਰਸ਼ਾਸਕ (ਵਿੱਤ ਤੇ ਲੇਖਾ),
ਗਮਾਡਾ, ਐਸ.ਏ.ਐਸ.ਨਗਰ।

3) ਸ਼੍ਰੀ ਮਨਜੀਤ ਸਿੰਘ ਬਰਾੜ, ਪੀ.ਸੀ.ਐਸ.,
ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ.ਏ.ਐਸ.ਨਗਰ।

ਮੀਟਿੰਗ ਵਿੱਚ ਹੇਠ ਦਰਸਾਈ ਗਈ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

ਮੱਦ ਨੰ: 18.01

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 17ਵੀਂ ਮੀਟਿੰਗ ਜੋ ਮਿਤੀ 23-9-2011 ਨੂੰ ਹੋਈ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

-9-

ਮੱਦ ਨੰ: 18.02

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 23-9-2011 ਨੂੰ ਹੋਈ 17ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ।**

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

ਮੱਦ ਨੰ: 18.03

**ਇਕੋ ਸਿਟੀ, ਨਿਊ ਚੰਡੀਗੜ੍ਹ ਸਕੀਮ ਵਿੱਚ ਡਰਾਅ ਆਫ ਲਾਟਸ ਵਿੱਚ ਸਫਲ ਹੋਏ ਬਿਨੈਕਾਰਾਂ ਵੱਲੋਂ ਲੋੜੀਂਦੇ ਦਸਤਾਵੇਜ਼ ਮਿੱਥੀ ਮਿਤੀ ਤੋਂ ਬਾਅਦ ਜਮ੍ਹਾਂ ਕਰਵਾਉਣ ਸਬੰਧੀ ਫੈਸਲਾ ਲੈਣ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਜੋ ਬਰੋਸ਼ਰ ਦੀਆਂ ਸ਼ਰਤਾਂ ਹਨ, ਉਸੇ ਅਨੁਸਾਰ ਹੀ ਕਾਰਵਾਈ ਕੀਤੀ ਜਾਵੇ ਅਤੇ ਪਹਿਲਾਂ ਜਾਰੀ ਕੀਤੀਆਂ ਸ਼ਰਤਾਂ ਵਿੱਚ ਕੋਈ ਵੀ ਢਿੱਲ ਨਾ ਦਿੱਤੀ ਜਾਵੇ।

ਮੱਦ ਨੰ: 18.04

**ਮੁਹਾਲੀ ਸਿਟੀ ਸੈਂਟਰ ਦੀ ਵਿਕਾਸ ਬਾਰੇ।**

ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਮੂਲ ਰੂਪ ਵਿੱਚ ਡਿਜ਼ਾਇਨ ਮੁਕਾਬਲੇ ਰਾਂਹੀਂ ਤਿਆਰ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਨਿਰਦੇਸ਼ ਦਿੱਤਾ ਗਿਆ ਕਿ ਗਮਾਡਾ ਮੁਕਾਬਲੇ ਦੀਆਂ ਸ਼ਰਤਾਂ ਅਤੇ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕਰੇ ਜਿਸ ਵਿੱਚ ਫੰਡ ਫਲੋ ਅਤੇ ਫੇਜ਼ਿੰਗ ਤੇ ਵੀ ਵਿਚਾਰ ਕੀਤਾ ਜਾਵੇ। ਕਾਰਜਕਾਰੀ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਡਿਜ਼ਾਇਨ ਮੁਕਾਬਲਾ ਅਤੇ ਹੋਰ ਕਾਰਵਾਈ ਕੀਤੀ ਜਾਵੇ।

<u>ਮੱਦ ਨੰ: 18.05</u>

**Golf Facing Apartments.**

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਮੱਦ ਪ੍ਰਵਾਨ ਕਰਦੇ ਹੋਏ ਅਪਾਰਟਮੈਂਟਸ ਲਈ ਆਰਕੀਟੈਕਟ ਦੀ ਨਿਯੁਕਤੀ ਡਿਜ਼ਾਇਨ ਮੁਕਾਬਲੇ ਰਾਂਹੀਂ ਕਰਵਾਉਣ ਦਾ ਫੈਸਲਾ ਕੀਤਾ।

<u>ਮੱਦ ਨੰ: 18.06</u>

ਸੈਕਟਰ-88 ਵਿਖੇ ਉਸਾਰੇ ਜਾਣ ਵਾਲੇ 6300 ਅਪਾਰਟਮੈਂਟਸ ਵਿੱਚੋਂ ਅਲਾਟਮੈਂਟ ਰਾਂਹੀਂ ਵੇਚੇ ਜਾਣ ਵਾਲੇ ਅਪਾਰਟਮੈਂਟਸ ਦੀ ਗਿਣਤੀ 4500 ਤੋਂ ਵਧਾ ਕੇ 5670 ਕਰਨ ਬਾਰੇ।

ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਹਾਲ ਦੀ ਘੜੀ ਬਰੋਸ਼ਰ ਵਿੱਚ ਦਰਸਾਏ 4500 ਅਪਾਰਟਮੈਂਟ ਅਲਾਟ ਕਰਨ ਦਾ ਹੀ ਫੈਸਲਾ ਕੀਤਾ।

<u>ਮੱਦ ਨੰ: 18.07</u>

ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਉਸਾਰੀ ਲਈ ਸੈਕਟਰ-76 ਵਿਖੇ 7.00 ਏਕੜ ਜ਼ਮੀਨ ਅਲਾਟ ਕਰਨ ਬਾਰੇ।

ਕਮੇਟੀ ਵੱਲੋਂ ਸਾਰੇ ਪਹਿਲੂਆਂ ਨੂੰ ਘੋਖਣ ਉਪਰੰਤ ਜੁਡੀਸ਼ੀਅਲ ਕੋਰਟ ਕੰਪਲੈਕਸ ਲਈ 7.00 ਏਕੜ ਭੌਂ 6250/- ਰੁਪਏ ਪ੍ਰਤੀ ਵਰਗ ਗਜ਼ ਜਿਸ ਰੇਟ ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਲਈ 7.25 ਏਕੜ ਭੌਂ ਅਲਾਟ ਕੀਤੀ ਗਈ ਹੈ, ਤੇ ਦੇਣ ਦਾ ਫੈਸਲਾ ਕੀਤਾ ਗਿਆ।

ਮੱਦ ਨੰ: 18.08

ਆਈ.ਟੀ. ਸਿਟੀ ਮੁਹਾਲੀ ਲਈ ਭੌਂ ਪ੍ਰਾਪਤੀ ਵਾਸਤੇ ਕਰਜਾ ਲੈ ਕੇ ਫੰਡਜ਼ ਦਾ ਪ੍ਰਬੰਧ ਕਰਨ ਬਾਰੇ।

ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ। ਨਾਲ ਹੀ ਨਿਰਦੇਸ਼ ਦਿੱਤਾ ਗਿਆ ਕਿ ਪਲਾਟਾਂ ਦੀ ਵਿਕਰੀ ਸਮੇਂ ਪੰਜਾਬ ਇਨਫੋਟੈੱਕ ਦੀ ਸਲਾਹ ਵੀ ਲਈ ਜਾਵੇ, ਭਾਂਵੇਂ ਇਸ ਦਾ ਆਖਰੀ ਫੈਸਲਾ ਗਮਾਡਾ ਵੱਲੋਂ ਹੀ ਕੀਤਾ ਜਾਣਾ ਹੈ।

ਮੱਦ ਨੰ: 18.09

ਫਾਰਮ ਨੰ: 297128 ਸਾਈਜ਼ 500 ਵਰਗ ਗਜ਼ ਕੈਟਾਗਰੀ 04 (ਹੈਂਡੀਕੈਪਡ) ਐਰੋਸਿਟੀ ਮੁਹਾਲੀ ਦੇ ਸਫਲ ਬਿਨੈਕਾਰ ਸ਼੍ਰੀ ਬਰਿਜ ਮੋਹਨ ਵਰਮਾ ਪੁੱਤਰ ਸ਼੍ਰੀ ਵਲੈਤੀ ਰਾਮ ਦੇ ਵਿਰੁੱਧ ਪ੍ਰਾਪਤ ਹੋਈ ਸ਼ਿਕਾਇਤ ਦੇ ਸਬੰਧ ਵਿੱਚ।

ਕਮੇਟੀ ਵੱਲੋਂ ਮੱਦ ਦੇ ਸਾਰੇ ਪਹਿਲੂਆਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਹੇਠਲੀਆਂ ਕਮੇਟੀਆਂ ਵੱਲੋਂ ਲਏ ਫੈਸਲੇ ਵਿੱਚ ਕੋਈ ਤਰੁੱਟੀ ਨਹੀਂ ਪਾਈ ਗਈ ਅਤੇ ਸ਼ਿਕਾਇਤ-ਕਰਤਾ ਨੂੰ ਇਸ ਸਬੰਧ ਵਿੱਚ ਵਿਸਥਾਰ-ਪੂਰਵਕ ਜਵਾਬ ਭੇਜਣ ਦਾ ਨਿਰਦੇਸ਼ ਦਿੱਤਾ ਗਿਆ।

ਮੀਟਿੰਗ ਚੇਅਰਮੈਨ ਸਾਹਿਬ ਜੀ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

ਮੁੱਖ ਸਕੱਤਰ,
ਪੰਜਾਬ।

ਅਜੰਡਾ ਆਈਟਮ ਨੰ:19.02

( ਕਾਰਜਕਾਰੀ ਕਮੇਟੀ ਦੀ ਮੀਟਿੰਗ )

ਵਿਸ਼ਾ:- ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 21-02-2012 ਨੂੰ ਹੋਈ 18ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ।

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 18ਵੀਂ ਮੀਟਿੰਗ ਜੋ ਮਿਤੀ 21-02-2012 ਨੂੰ ਹੋਈ ਸੀ, ਦੀ ਕਾਰਵਾਈ ਵਿਚ ਲਏ ਗਏ ਫੈਸਲਿਆਂ ਤੇ ਦਫਤਰ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਮੱਦ-ਵਾਰ ਵਿਵਰਣ ਦਰਸਾਉਂਦੀ ਸਾਰਣੀ ਹੇਠਾਂ ਅਜੰਡਾ ਨੋਟ ਦੇ (ਅਨੂਲੱਗ-'ੳ') ਤੇ ਕਮੇਟੀ ਅੱਗੇ ਸੂਚਨਾ ਹਿੱਤ ਰੱਖੀ ਜਾਂਦੀ ਹੈ ।

<u>ਅਜੰਡਾ ਆਈਟਮ ਨੰ:19.02</u>

<u>ਅਨੁਲੱਗ-ੳ</u>

<u>ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਮਿਤੀ 21-02-2012 ਨੂੰ ਹੋਈ 18ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।</u>

| ਮੱਦ ਨੰ: | ਵਿਸਾ | ਫੈਸਲਾ | ਕੀਤੀ ਗਈ ਕਾਰਵਾਈ |
|---|---|---|---|
| 18.01 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 17ਵੀਂ ਮੀਟਿੰਗ ਜੋ ਮਿਤੀ 23.09.2011 ਨੂੰ ਹੋਈ, ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ । | ਕਾਰਜਕਾਰੀ ਕਮੇਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ। | - |
| 18.02 | ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 23-09-2011 ਨੂੰ ਹੋਈ 17ਵੀਂ ਮੀਟਿੰਗ ਵਿਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ । | ਕਾਰਜਕਾਰੀ ਕਮੇਟੀ ਵਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ । | - |
| 18.03 | ਇਕੋ ਸਿਟੀ, ਨਿਊ ਚੰਡੀਗੜ੍ਹ ਸਕੀਮ ਵਿੱਚ ਡਰਾਅ ਆਫ ਲਾਟਸ ਵਿੱਚ ਸਫਲ ਹੋਏ ਬਿਨੈਕਾਰਾਂ ਵੱਲੋਂ ਲੋੜੀਂਦੇ | ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਜੋ ਬਰੌਸ਼ਰ ਦੀਆਂ ਸ਼ਰਤਾਂ ਹਨ, ਉਸ | ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਦਸਤਾਵੇਜ ਦੇਰੀ ਨਾਲ ਜਮ੍ਹਾਂ ਕਰਵਾਉਣ ਵਾਲੇ ਬਿਨੈਕਾਰਾਂ ਨੂੰ ਦਫਤਰ ਵਲੋਂ ਸੂਚਿਤ ਕਰ ਦਿੱਤਾ ਗਿਆ ਸੀ ਕਿ ਜੇਕਰ |

| | | | |
|---|---|---|---|
| | ਦਸਤਾਵੇਜ ਮਿੱਥੀ ਮਿਤੀ ਤੋਂ ਬਾਅਦ ਜਮ੍ਹਾਂ ਕਰਵਾਉਣ ਸਬੰਧੀ ਫੈਸਲਾ ਲੈਣ ਬਾਰੇ। | ਅਨੁਸਾਰ ਹੀ ਕਾਰਵਾਈ ਕੀਤੀ ਜਾਵੇ ਅਤੇ ਪਹਿਲਾਂ ਜਾਰੀ ਕੀਤੀਆਂ ਸ਼ਰਤਾਂ ਵਿੱਚ ਕੋਈ ਵੀਢਿੱਲ ਨਾ ਦਿੱਤੀ ਜਾਵੇ। | ਉਹਨਾਂ ਕੋਲ ਮਿਤੀ 02-01-2012 ਤੱਕ ਦਸਤਾਵੇਜ ਜਮ੍ਹਾਂ ਕਰਵਾਉਣ ਦਾ ਵੈਲਿਡ ਸਬੂਤ ਹੈ ਤਾਂ ਉਹ 13-03-2012 ਤੱਕ ਪੇਸ਼ ਕਰਨ, ਨਹੀਂ ਤਾਂ ਇਹ ਮੰਨ ਲਿਆ ਜਾਵੇਗਾ ਕਿ ਉਹਨਾਂ ਨੇ ਮਿਤੀ 02-01-2012 ਤੱਕ ਦਸਤਾਵੇਜ ਜਮ੍ਹਾਂ ਨਹੀਂ ਕਰਵਾਏ ਅਤੇ ਪਲਾਟ ਵੇਟਿੰਗ ਲਿਸਟ ਦੇ ਬਿਨੈਕਾਰ ਨੂੰ ਅਲਾਟ ਕਰ ਦਿੱਤਾ ਜਾਵੇਗਾ।<br><br>ਦਫਤਰ ਦੇ ਇਸ ਫੈਸਲੇ ਵਿਰੁੱਧ ਦਸਤਾਵੇਜ਼ ਲੇਟ ਜਮ੍ਹਾਂ ਕਰਵਾਉਣ ਵਾਲੇ ਬਿਨੈਕਾਰਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ: 6552 ਆਫ 2012ਦਾਇਰ ਕੀਤੀ ਗਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋ ਸਿਵੱਲ ਰਿੱਟ ਪਟੀਸਨ ਨੰ. 6552 ਆਫ 2012 ਦੇ ਫੈਸਲੇ ਮਿਤੀ 01-08-2012 ਰਾਹੀਂ ਦਫਤਰ ਦੇ ਉਕਤ ਸੂਚਨਾ ਪੱਤਰ ਨੂੰ ਰੱਦ ਕਰ ਦਿੱਤਾ ਗਿਆ ਅਤੇ ਗਮਾਡਾ ਨੂੰ 02-01-2012 ਤੋਂ ਬਾਅਦ ਦਸਤਾਵੇਜ਼ ਜਮ੍ਹਾਂ ਕਰਵਾਉਣ ਵਾਲੇ ਬਿਨੈਕਾਰਾਂ ਦੇ ਦਸਤਾਵੇਜ ਵਿਚਾਰਨ |

| | | | |
|---|---|---|---|
| | | | ਦੇ ਆਦੇਸ ਦਿੱਤੇ ਅਤੇ ਇਸ ਦੇ ਨਾਲ ਹੀ ਆਦੇਸ ਦਿੱਤੇ ਕਿ ਜੇਕਰ ਉਨ੍ਹਾਂ ਬਿਨੈਕਾਰਾਂ ਦੇ ਦਸਤਾਵੇਜ ਸਹੀ ਪਾਏ ਜਾਂਦੇ ਹਨ ਤਾਂ ਬਿਨੈਕਾਰਾਂ ਨੂੰ ਐਲ.ਓ.ਆਈ ਜਾਰੀ ਕੀਤੇ ਜਾਣ ਅਤੇ ਪਟੀਸ਼ਨਰ ਮੁੱਢਲੀ 30% ਰਕਮ ਜਮ੍ਹਾਂ ਕਰਵਾਉਣ ਅਤੇ 15-03-2012 ਤੋਂ ਲੈ ਕੇ ਮੁੱਢਲੀ 30% ਰਕਮ ਜਮ੍ਹਾਂ ਕਰਵਾਉਣ ਦੀ ਮਿਤੀ ਤੱਕ 12% ਸਾਲਾਨਾ ਵਿਆਜ ਅਤੇ ਗਮਾਡਾ ਵੱਲੋਂ ਨਿਰਧਾਰਤ ਪਨੈਲਟੀ ਜਮ੍ਹਾਂ ਕਰਵਾਉਣ ਲਈ ਜਿੰਮੇਵਾਰ ਹੋਣਗੇ।<br><br>ਦਫਤਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਕਤ ਫੈਸਲੇ ਦੀ ਪਾਲਣਾ ਕਰਦੇ ਹੋਏ ਯੋਗ ਬਿਨੈਕਾਰਾਂ ਨੂੰ 12% ਸਾਲਾਨਾ ਵਿਆਜ (w.e.f. 15-03-2012 till actual deposit of the initial 30% of the allotment price of the plot.) ਅਤੇ ਪਨੈਲਟੀ ਸਮੇਤ ਐਲ.ਓ.ਆਈ ਜਾਰੀ ਕਰ ਦਿੱਤੇ ਗਏ। |
| 18.04 | ਮੁਹਾਲੀ ਸਿਟੀ ਸੈਂਟਰ ਦੇ ਵਿਕਾਸ | ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਮੂਲ ਰੂਪ ਵਿੱਚ ਡਿਜਾਇਨ | ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਇਸ ਮੰਤਵ ਨੂੰ ਸਿਰੇ ਚੜ੍ਹਾਉਣ ਲਈ ਪੰਜਾਬ ਬੁਨਿਆਦੀ ਢਾਂਚਾ ਵਿਕਾਸ |

| | | | |
|---|---|---|---|
| | ਬਾਰੇ। | ਮੁਕਾਬਲੇ ਰਾਹੀਂ ਤਿਆਰ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ ਨਿਰਦੇਸ਼ ਦਿੱਤਾ ਗਿਆ ਕਿ ਗਮਾਡਾ ਮੁਕਾਬਲੇ ਦੀਆਂ ਸ਼ਰਤਾਂ ਅਤੇ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕਰੇ ਜਿਸ ਵਿੱਚ ਫੰਡ ਫਲੋ ਅਤੇ ਫੇਜ਼ਿੰਗ ਤੇ ਵੀ ਵਿਚਾਰ ਕੀਤਾ ਜਾਵੇ। ਕਾਰਜਕਾਰੀ ਕਮੇਟੀ ਦੀ ਪ੍ਰਵਾਨਗੀ ਤੋਂ ਬਾਅਦ ਡਿਜ਼ਾਇਨ ਮੁਕਾਬਲਾ ਅਤੇ ਹੋਰ ਕਾਰਵਾਈ ਕੀਤੀ ਜਾਵੇ। | ਬੋਰਡ ਅਤੇ ਗਮਾਡਾ ਵੱਲੋਂ Development of Convention and Exhibition Centre Mohali ਲਈ ਬਿਡਜ FIPL (ਐਫ.ਆਈ.ਪੀ.ਐਲ.) ਰਾਹੀਂ ਮਿਤੀ 27-7-2015 ਨੂੰ ਤਕਨੀਕੀ ਬਿਡ ਮੰਗੀ ਗਈ ਸੀ ਜਿਸ ਦੇ ਇਵਜ ਵਿੱਚ ਕੋਈ ਵੀ ਬਿਡ ਪ੍ਰਾਪਤ ਨਹੀਂ ਹੋਈ। |
| 18.05 | Golf facing Apartments | ਕਮੇਟੀ ਵੱਲੋਂ ਵਿਚਾਰ -ਵਟਾਂਦਰੇ ਉਪਰੰਤ ਮੱਦ ਪ੍ਰਵਾਨ ਕਰਦੇ ਹੋਏ ਅਪਾਰਟਮੈਂਟਸ ਲਈ ਆਰਕੀਟੈਕਟ ਦੀ ਨਿਯੁਕਤੀ ਡਿਜ਼ਾਇਨ ਮੁਕਾਬਲੇ ਰਾਹੀਂ ਕਰਵਾਉਣ ਦਾ ਫੈਸਲਾ ਕੀਤਾ। | ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ Golf Facing Apartment ਲਈ ਪ੍ਰਾਈਵੇਟ ਆਰਕੀਟੈਕਟ ਦੀ ਨਿਯੁਕਤੀ ਲਈ ਡਿਜਾਈਨ ਦਾ ਮੁਕਾਬਲਾ ਕਰਵਾਇਆ ਗਿਆ ਸੀ ਅਤੇ ਪ੍ਰਾਈਵੇਟ ਆਰਕੀਟੈਕਟ ਸਿਲੈਕਟ ਵੀ ਕਰ ਲਿਆ ਗਿਆ ਸੀ, ਪ੍ਰੰਤੂ ਉੱਚ ਪੱਧਰ ਤੇ ਹੋਏ ਫੈਸਲੇ ਉਪਰੰਤ ਇਸ ਸਾਈਟ ਨੂੰ ਖੁੱਲੀ ਬੋਲੀ ਰਾਹੀਂ ਮਿਲਖ ਦਫਤਰ ਵੱਲੋਂ ਵੇਚ ਦਿਤਾ ਗਿਆ ਸੀ ਅਤੇ ਸਬੰਧਤ |

| | | | |
|---|---|---|---|
| | | | ਏਜੰਸੀ ਵੱਲੋਂ ਇਸ ਸਾਈਟ ਤੇ ਅਪਾਰਟਮੈਂਟ ਦੀ ਉਸਾਰੀ ਦਾ ਕੰਮ ਮੌਕੇ ਤੇ ਸ਼ੁਰੂ ਕਰ ਦਿੱਤਾ ਗਿਆ ਹੈ। |
| 18.06 | ਸੈਕਟਰ 88 ਵਿਖੇ ਉਸਾਰੇ ਜਾਣ ਵਾਲੇ 6300 ਅਪਾਰਟਮੈਂਟਸ ਵਿੱਚੋਂ ਅਲਾਟਮੈਂਟ ਰਾਹੀਂ ਵੇਚੇ ਜਾਣ ਵਾਲੇ ਅਪਾਰਟਮੈਂਟਸ ਦੀ ਗਿਣਤੀ 4500 ਤੋਂ ਵਧਾ ਕੇ 5670 ਕਰਨ ਬਾਰੇ। | ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਹਾਲ ਦੀ ਘੜੀ ਬਰੌਸ਼ਰ ਵਿੱਚ ਦਰਸਾਏ 4500 ਅਪਾਰਟਮੈਂਟ ਅਲਾਟ ਕਰਨ ਦਾ ਹੀ ਫੈਸਲਾ ਕੀਤਾ। | ਪੂਰਬ ਪ੍ਰੀਮੀਅਮ ਅਪਾਰਟਮੈਂਟ, ਸੈਕਟਰ-88 ਐਸ.ਏ.ਐਸ.ਨਗਰ ਵਿਖੇ ਵੱਖ-ਵੱਖ ਟਾਈਪ ਦੇ 1620 ਮਕਾਨ ਉਸਾਰੇ ਗਏ ਜਿਹਨਾਂ ਦਾ ਵੇਰਵਾ ਨਿਮਨ ਅਨੁਸਾਰ ਹੈ:-<br>ਟਾਈਪ -1-300<br>ਟਾਈਪ-2-600<br>ਟਾਈਪ -3-720<br>ਕੁੱਲ - 1620 |

| | | | |
|---|---|---|---|
| 18.07 | ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਉਸਾਰੀ ਲਈ ਸੈਕਟਰ 76 ਵਿਖੇ 7.00 ਏਕੜ ਜਮੀਨ ਅਲਾਟ ਕਰਨ ਬਾਰੇ। | ਕਮੇਟੀ ਵੱਲੋਂ ਸਾਰੇ ਪਹਿਲੂਆਂ ਨੂੰ ਘੋਖਣ ਉਪਰੰਤ ਜੁਡੀਸ਼ੀਅਲ ਕੋਰਟ ਕੰਪਲੈਕਸ ਲਈ 7.00 ਏਕੜ ਭੌਂ 6250/- ਰੁਪਏ ਪ੍ਰਤੀ ਵਰਗ ਗਜ਼ ਜਿਸ ਰੇਟ ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਲਈ 7.25 ਏਕੜ ਭੌਂ ਅਲਾਟ ਕੀਤੀ ਗਈ ਹੈ, ਤੇ ਦੇਣ ਦਾ ਫੈਸਲਾ ਕੀਤਾ ਗਿਆ। | ਕਾਰਜਕਾਰੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਦੇ ਸਨਮੁੱਖ ਮਿਲਖ ਅਫਸਰ ਵੱਲੋਂ ਪੱਤਰ ਨੰ: 22564-70 ਮਿਤੀ 23-5-2012 ਨਾਲ ਅਲਾਟਮੈਂਟ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ। |
| 18.08 | ਆਈ.ਟੀ. ਸਿਟੀ ਮੋਹਾਲੀ ਲਈ ਭੌਂ ਪ੍ਰਾਪਤੀ ਵਾਸਤੇ ਕਰਜਾ ਲੈ ਕੇ ਫੰਡਜ਼ ਦਾ ਪ੍ਰਬੰਧ ਕਰਨ ਬਾਰੇ। | ਕਮੇਟੀ ਵੱਲੋਂ ਵਿਚਾਰ-ਵਟਾਂਦਰਾ ਕਰਨ ਉਪਰੰਤ ਮੱਦ ਨੂੰ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ। ਨਾਲ ਹੀ ਨਿਰਦੇਸ਼ ਦਿੱਤਾ ਗਿਆ ਕਿ ਪਲਾਟਾਂ ਦੀ ਵਿਕਰੀ ਸਮੇਂ ਪੰਜਾਬ ਇਨਫੋਟੈੱਕ ਦੀ ਸਲਾਹ ਵੀ ਲਈ ਜਾਵੇ, ਭਾਵੇਂ ਇਸ ਦਾ ਆਖਰੀ ਫੈਸਲਾ ਗਮਾਡਾ ਵੱਲੋਂ ਹੀ ਕੀਤਾ ਜਾਣਾ ਹੈ। | ਇਹ ਮੱਦ ਕਮੇਟੀ ਦੇ ਸਨਮੁੱਖ ਜਾਣਕਾਰੀ ਹਿੱਤ ਰੱਖੀ ਗਈ ਸੀ। ਇਸ ਸਬੰਧੀ ਹੋਰ ਕੋਈ ਕਾਰਵਾਈ ਕਰਨੀ ਨਹੀਂ ਬਣਦੀ। |

| | | | |
|---|---|---|---|
| 18.09 | ਫਾਰਮ ਨੰ: 297128 ਸਾਈਜ਼ 500 ਵਰਗ ਗਜ਼ ਕੈਟਾਗਰੀ 04 (ਹੈਂਡੀਕੈਪਡ) ਐਰੋਸਿਟੀ ਮੁਹਾਲੀ ਦੇ ਸਫਲ ਬਿਨੈਕਾਰ ਸ਼੍ਰੀ ਬਰਿਜ ਮੋਹਨ ਵਰਮਾ ਪੁੱਤਰ ਸ਼੍ਰੀ ਵਲੈਤੀ ਰਾਮ ਦੇ ਵਿਰੁੱਧ ਪ੍ਰਾਪਤ ਹੋਈ ਸ਼ਿਕਾਇਤ ਦੇ ਸਬੰਧ ਵਿੱਚ। | ਕਮੇਟੀ ਵੱਲੋਂ ਮੱਦ ਦੇ ਸਾਰੇ ਪਹਿਲੂਆਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਹੇਠਲੀਆਂ ਕਮੇਟੀਆਂ ਵੱਲੋਂ ਲਏ ਫੈਸਲੇ ਵਿੱਚ ਕੋਈ ਤਰੁੱਟੀ ਨਹੀਂ ਪਾਈ ਗਈ ਅਤੇ ਸ਼ਿਕਾਇਤ-ਕਰਤਾ ਨੂੰ ਇਸ ਸਬੰਧ ਵਿਚ ਵਿਸਥਾਰ-ਪੂਰਵਕ ਜਵਾਬ ਭੇਜਣ ਦਾ ਨਿਰਦੇਸ਼ ਦਿੱਤਾ ਗਿਆ। | ਕਾਰਜਕਾਰੀ ਕਮੇਟੀ ਦੇ ਫੈਸਲੇ ਅਨੁਸਾਰ ਸ਼ਿਕਾਇਤਕਰਤਾ ਸ੍ਰੀ ਹਰੀ ਰਾਮ ਗਰਗ ਨੂੰ ਮਿਲਖ ਦਫਤਰ ਵੱਲੋਂ ਲੋੜੀਂਦਾ ਜਵਾਬ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 15027 ਮਿਤੀ 26-04-2012 ਰਾਹੀਂ ਭੇਜ ਦਿੱਤਾ ਗਿਆ ਸੀ। |

ਅਜੰਡਾ ਆਈਟਮ ਨੰ:19.03

( ਕਾਰਜਕਾਰੀ ਕਮੇਟੀ ਦੀ ਮੀਟਿੰਗ )

ਵਿਸ਼ਾ:- **ਆਈ.ਟੀ. ਸਿਟੀ, ਐਸ.ਏ.ਐਸ ਨਗਰ ਵਿਖੇ ਗੁਰੂਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਕਰਨ ਬਾਰੇ।**

1.0 ਸ਼ਹਿਰੀ ਮਿਲਖ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਆਈ.ਟੀ. ਸਿਟੀ ਵਿਖੇ ਸੀਨੀਅਰ ਨਗਰ ਯੋਜਨਾਕਾਰ , ਗਮਾਡਾ ਵੱਲੋਂ ਧਾਰਮਿਕ ਮੰਤਵ ਲਈ 1000 ਵ:ਗ ਦੀ ਸਾਈਟ (ਗੁਰੂਦੁਆਰਾ ਸਾਹਿਬ ਦੀ ਬਿਲਡਿੰਗ ਦੀ ਉਸਾਰੀ ਲਈ) ਸੁਝਾਈ ਸੀ।

2.0 ਅਥਾਰਟੀ ਵੱਲੋਂ ਪ੍ਰਵਾਨਿਤ ਪਾਲਿਸੀ ਅਨੁਸਾਰ ਉਪਰੋਕਤ ਸਾਈਟ ਦੀ ਡਿਸਪੋਜ਼ਲ ਕਰਨ ਲਈ ਅਖ਼ਬਾਰਾਂ ਵਿੱਚ ਮਿਤੀ 15-10-2016 ਨੂੰ ਵਿਗਿਆਪਨ ਦਿੱਤਾ ਗਿਆ। ਰਿਜਰਵ ਕੀਮਤ 1000/- ਰੁਪਏ ਪ੍ਰਤੀ ਵ:ਗ: ਰੱਖੀ ਗਈ ਸੀ। ਅਰਜੀਆਂ ਮੰਗਣ ਦੀ ਆਖਰੀ ਮਿਤੀ 15-11-2016 ਸੀ। ਵਿਗਿਆਪਨ ਵਿਰੁੱਧ ਇੱਕ ਅਰਜੀ **ਗੁਰੂਦੁਆਰਾ ਸੱਚਖੱਡ ਈਸ਼ਰ ਦਰਬਾਰ ਪਬਲਿਕ ਵੈਲਫੇਅਰ ਚੈਰੀਟੇਬਲ ਸੋਸਾਇਟੀ** ਤੋਂ ਪ੍ਰਾਪਤ ਹੋਈ ਸੀ।

3.0 ਉਪਰੋਕਤ ਸੰਸਥਾ ਤੋਂ ਪ੍ਰਾਪਤ ਹੋਈ ਅਰਜੀ ਦੇ ਨਾਲ ਨੱਥੀ ਕੀਤੇ ਦਸਤਾਵੇਜਾਂ ਦੀ ਸਕਰੂਟਨੀ ਕਰਨ ਲਈ ਮੁੱਖ ਪ੍ਰਸ਼ਾਸ਼ਕ ਦੀ ਪ੍ਰਧਾਨਗੀ ਅਧੀਨ ਗਠਿਤ ਸਕਰੂਟਨੀ ਕਮੇਟੀ ਦੀ ਮੀਟਿੰਗ ਮਿਤੀ 05-12-2016 ਨੂੰ ਹੋਈ। ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ ਸਕਰੂਟਨੀ ਕਮੇਟੀ ਵੱਲੋਂ

ਸੋਸਾਇਟੀ ਨੂੰ ਦੀ ਅਲਾਟਮੈਂਟ ਕਰਨ ਸਬੰਧੀ ਸਿਫਾਰਿਸ਼ ਕੀਤੀ। ਸਕਰੂਟਨੀ ਕਮੇਟੀ ਦੀਆਂ ਸਿਫਾਰਸਾਂ **ਅਨੁਲਗ-1** ਤੇ ਰੱਖੀਆਂ ਜਾਂਦੀਆਂ ਹਨ।

4. ਸਕਰੂਟਨੀ ਕਮੇਟੀ ਦੀਆਂ ਸਿਫਾਰਸਾਂ ਦੇ ਮੱਦੇਨਜ਼ਰ ਆਈ.ਟੀ.ਸਿਟੀ, ਐਸ.ਏ.ਐਸ ਨਗਰ ਵਿੱਖੇ ਗੁਰੂਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦਾ ਲੈਟਰ ਆਫ ਇੰਟੈਂਟ **ਗੁਰੂਦੁਆਰਾ ਸੱਚਖੰਡ ਈਸ਼ਰ ਦਰਬਾਰ ਪਬਲਿਕ ਵੈਲਫੇਅਰ ਚੈਰੀਟੇਬਲ ਸੋਸਾਇਟੀ** ਨੂੰ ਅਥਾਰਟੀ ਤੋਂ ਕਾਰਜ ਬਾਅਦ ਪ੍ਰਵਾਨਗੀ ਮਿਲਣ ਦੀ ਆਸ ਵਿੱਚ ਮਾਨਯੋਗ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ, ਗਮਾਡਾ ਦੀ ਪ੍ਰਵਾਨਗੀ ਜੋ ਕਿ ਮਿਤੀ 14-12-2016 ਨੂੰ ਪ੍ਰਾਪਤੀ ਹੋਈ, ਨਾਲ ਜਾਰੀ ਕਰ ਦਿੱਤਾ ਗਿਆ ਸੀ।

5.0 ਪੈਰਾ-4 ਵਿਚ ਦਰਸਾਏ ਅਨੁਸਾਰ ਮਾਮਲਾ ਕਾਰਜਕਾਰੀ ਕਮੇਟੀ ਅੱਗੇ ਕਾਰਜ ਬਾਅਦ ਪ੍ਰਵਾਨਗੀ ਲਈ ਪੇਸ਼ ਹੈ ਜੀ।

ਅਨੁਲੱਗ-I

ਆਈ ਟੀ ਸਿਟੀ, ਐਸ ਏ ਐਸ ਨਗਰ ਵਿਖੇ ਧਾਰਮਿਕ ਮੰਤਵ ਲਈ ਈਅਰ ਮਾਰਕ ਕੀਤੀ ਗਈ ਸਾਈਟ ਅਲਾਟ ਕਰਨ ਸਬੰਧੀ ਮਾਨਯੋਗ ਮੁੱਖ ਪ੍ਰਸ਼ਾਸਕ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 05-12-2016 ਨੂੰ ਬਾਅਦ ਦੁਪਿਹਰ 1.00 ਵਜੇ ਹੋਈ ਸਕਰੂਟਨੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰ ਹਾਜ਼ਰ ਹੋਏ:-

1 ਵਧੀਕ ਮੁੱਖ ਪ੍ਰਸ਼ਾਸਕ, ਗਮਾਡਾ, ਐਸ ਏ ਐਸ ਨਗਰ।
2 ਮੁੱਖ ਲੇਖਾ ਅਫਸਰ, ਗਮਾਡਾ, ਐਸ ਏ ਐਸ ਨਗਰ।
3. ਸੀਨੀਅਰ ਨਗਰ ਯੋਜਨਾਕਾਰ, ਗਮਾਡਾ, ਐਸ ਏ ਐਸ ਨਗਰ।
4. ਮਿਲਖ ਅਫਸਰ (ਪਲਾਟਸ), ਗਮਾਡਾ, ਐਸ ਏ ਐਸ ਨਗਰ।

ਆਈ ਟੀ ਸਿਟੀ, ਐਸ. ਏ. ਐਸ. ਨਗਰ ਵਿਖੇ ਧਾਰਮਿਕ ਮੰਤਵ ਲਈ ਈਅਰ ਮਾਰਕ ਕੀਤੀ ਗਈ 1000 ਵ:ਗ: ਦੀ ਸਾਈਟ ਅਲਾਟ ਕਰਨ ਲਈ ਮਿਤੀ 15.10.2016 ਨੂੰ ਅਖਬਾਰਾਂ ਵਿੱਚ ਵਿਗਿਆਪਨ ਦਿੱਤਾ ਗਿਆ। ਅਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ 15.11.2016 ਸੀ। ਵਿਗਿਆਪਨ ਦੇ ਹਵਾਲੇ ਵਿੱਚ ਸਾਈਟ ਲਈ ਇੱਕ ਅਰਜੀ ਪ੍ਰਾਪਤ ਹੋਈ। ਪ੍ਰਾਪਤ ਹੋਈ ਅਰਜੀ ਨਾਲ ਨੱਥੀ ਕੀਤੇ ਦਸਤਾਵੇਜਾਂ ਦੀ ਘੋਖ ਕਰਨ ਲਈ ਸਕਰੂਟਨੀ ਕਮੇਟੀ ਦੀ ਅੱਜ ਮਿਤੀ 5-12-2016 ਨੂੰ ਮੀਟਿੰਗ ਹੋਈ। ਸਬੰਧਤ ਸੋਸਾਇਟੀ ਦੇ ਨੁਮਾਇੰਦੀਆਂ ਨੂੰ ਵੀ ਸੁਣਿਆ ਗਿਆ।

1. ਗੁਰੂਦੁਆਰਾ ਸਚਖੰਡ ਈਸ਼ਰ ਦਰਬਾਰ ਪਬਲਿਕ ਵੈਲਫੇਅਰ ਚੈਰੀਟੇਬਲ ਸੋਸਾਇਟੀ, ਸੈਕਟਰ 68, ਐਸ ਏ ਐਸ ਨਗਰ :-

ਇਸ ਸੋਸਾਇਟੀ ਵੱਲੋਂ ਸ੍ਰੀ ਸੁਰਜਣ ਸਿੰਘ ਅਤੇ ਸ੍ਰੀ ਮਨਜੀਤ ਸਿੰਘ ਸਕਰੂਟਨੀ ਕਮੇਟੀ ਅੱਗੇ ਹਾਜਰ ਹੋਏ। ਇਸ ਸਭਾ ਵੱਲੋਂ ਪ੍ਰਤੀਬੇਨਤੀ ਨਾਲ ਜਮ੍ਹਾਂ ਕਰਵਾਏ ਗਏ ਸਭਾ ਦੇ ਵਿਧਾਨ ਮੁਤਾਬਿਕ ਸਭਾ ਦਾ ਮੁੱਖ ਉਦੇਸ਼ ਸਮਾਜਿਕ ਗਤੀਵਿਧੀਆਂ ਦੇ ਨਾਲ ਨਾਲ ਗੁਰੂਦੁਆਰਾ ਸਾਹਿਬ ਲਈ ਬਿਲਡਿੰਗ ਦੀ ਉਸਾਰੀ ਕਰਨਾ ਵੀ ਹੈ। ਪ੍ਰਤੀਬੇਨਤੀ ਨਾਲ ਨੱਥੀ ਕੀਤੇ ਬੈਂਕ ਦਸਤਾਵੇਜਾਂ ਅਨੁਸਾਰ ਸਭਾ ਪਾਸ ਲਗਭਗ 06.50 ਲੱਖ ਰੁਪਏ ਜਮ੍ਹਾਂ ਹਨ। ਨੁਮਾਇੰਦਿਆਂ ਵੱਲੋਂ ਦੱਸਿਆ ਗਿਆ ਹੈ ਕਿ ਇਹ ਸੋਸਾਇਟੀ 2016 ਵਿੱਚ ਰਜਿਸਟਰ ਹੋਈ ਹੈ ਅਤੇ ਇਨ੍ਹਾਂ ਦੀ ਸਭਾ ਵਿੱਚ ਜਿਆਦਾਤਰ ਮੈਂਬਰ ਲੋਕਲ ਹਨ ਅਤੇ ਗੁਰੂਦੁਆਰਾ ਸਾਹਿਬ ਦੀ ਬਿਲਡਿੰਗ

2

ਦੀ ਸਥਾਪਨਾ ਲਈ ਭੌਂ ਅਲਾਟ ਹੋਣ ਦੀ ਸੂਰਤ ਵਿੱਚ ਲੋੜੀਂਦੇ ਫੰਡਜ਼ ਮੈਂਬਰਾਂ ਅਤੇ ਲੋਕਲ ਸਰਧਾਲੂਆਂ ਅਰੇਂਜ ਕਰ ਲਏ ਜਾਣਗੇ।

ਮਿਲਖ ਅਫਸਰ( ਪਲਾਟਸ) ਵੱਲੋਂ ਦੱਸਿਆ ਗਿਆ ਕਿ ਆਈ.ਟੀ. ਸਿਟੀ , ਐਸ.ਏ.ਐਸ. ਨਗਰ ਵਿਖੇ ਰਿਹਾਇਸ਼ੀ ਪਲਾਟਾਂ ਦੀ ਅਲਾਟਮੈਂਟ ਸਬੰਧੀ ਦੋ ਬਾਰ ਸਕੀਮ ਲਾਂਚ ਕੀਤੀ ਗਈ ਅਤੇ ਸਫਲ ਬਿਨੈਕਾਰਾਂ ਨੂੰ ਪਲਾਟਾ ਦੇ ਕਬਜੇ ਬਹੁਤ ਜਲਦ ਦਿੱਤੇ ਜਾਣੇ ਹਨ। ਜਿਸ ਕਰਕੇ ਇਸ ਏਰੀਏ ਵਿਖੇ ਆਉਣ ਵਾਲੇ ਬਹੁਤ ਥੋੜੇ ਸਮੇਂ ਵਿੱਚ ਵਸੋਂ ਹੋਣ ਦੀ ਸੰਭਾਵਨਾ ਹੈ।

ਗਮਾਡਾ ਵੱਲੋਂ ਆਈ ਟੀ ਸਿਟੀ ਵਿਖੇ ਗੁਰੂਦੁਆਰਾ ਸਾਹਿਬ ਦੀ ਸਥਾਪਨਾ ਲਈ ਭੌਂ ਦੀ ਅਲਾਟਮੈਂਟ ਕਰਨ ਵਾਸਤੇ ਅਰਜੀਆਂ ਮੰਗਣ ਲਈ ਦਿੱਤੇ ਗਏ ਵਿਗਿਆਪਨ ਦੇ ਹਵਾਲੇ ਵਿੱਚ ਸਿਰਫ ਇੱਕ ਹੀ ਅਰਜੀ ਪ੍ਰਾਪਤ ਹੋਈ ਹੈ, ਇਸ ਲਈ ਇਸ ਏਰੀਏ ਦੀ ਆਮ ਜਨਤਾ ਦੀ ਸੁਵਿਧਾ ਦੇ ਮੱਦੇਨਜ਼ਰ ਅਤੇ ਪ੍ਰਾਪਤ ਹੋਏ ਦਸਤਾਵੇਜਾਂ ਦੀ ਘੋਖ ਕਰਨ ਉਪਰੰਤ ਕਮੇਟੀ ਦਾ ਇੱਕ ਮੱਤ ਹੈ ਆਈ ਟੀ ਸਿਟੀ ਵਿਖੇ ਗੁਰੂਦੁਆਰਾ ਸਾਹਿਬ ਦੀ ਸਥਾਪਨਾ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਲਈ ਗੁਰੂਦੁਆਰਾ ਸਚਖੰਡ ਈਸ਼ਰ ਦਰਬਾਰ ਪਬਲਿਕ ਵੈਲਫੇਅਰ ਚੈਰੀਟੇਬਲ ਸੋਸਾਇਟੀ, ਸੈਕਟਰ 64, ਐਸ. ਏ. ਐਸ. ਨਗਰ ਨੂੰ ਵਿਚਾਰਨਾ ਯੋਗ ਹੋਵੇਗਾ।

ਸੀਨੀਅਰ ਟਾਊਨ ਪਲਾਨਰ ਯੋਜਨਾਕਾਰ | ਮੁੱਖ ਲੇਖਾ ਅਫ਼ਸਰ | ਮਿਲਖ ਅਫਸਰ (ਪਲਾਟਸ)

ਵਧੀਕ ਮੁੱਖ ਪ੍ਰਸਾਸ਼ਕ | ਮੁੱਖ ਪ੍ਰਸਾਸ਼ਕ